ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਰੂਪ ਕਾਹਲੋਂ ਸੀਨੀਅਰ ਕਲੱਬ ਵੱਲੋਂ ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਮਨਾਇਆ ਗਿਆ ਗੁਰਪੁਰਬ


















ਬਰੈਂਪਟਨ 20 ਨਵੰਬਰ (ਵਿਸ਼ਵ ਪੰਜਾਬੀ ਸਾਂਝ,ਕੈਨੇਡਾ) -ਰੂਪ ਕਾਹਲੋਂ ਸੀਨੀਅਰ ਕਲੱਬ ਵੱਲੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਦੌਰਾਨ ਸ਼ਬਦ ਗਾਇਨ ਕੀਤੇ ਗਏ ਉਥੇ ਹੀ ਗੁਰਪੁਰਬ ਦੇ ਸਬੰਧ ਵਿੱਚ ਧਾਰਮਿਕ ਸ਼ਬਦ ਵੀ ਗਾਏ ਗਏ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨਾਂ ਦੀਆਂ ਸਿੱਖਿਆਵਾਂ ਤੇ ਰੋਸ਼ਨੀ ਪਾਂਦੇ ਹੋਏ ਮਨੁੱਖਤਾ ਨੂੰ ਦਿੱਤੇ ਗਏ ਸੰਦੇਸ਼ ਬਾਰੇ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸੱਚ ਦੀ ਕਮਾਈ ਕਰਨ ਦਾ ਸੰਦੇਸ਼ ਦਿੱਤਾ ਸੀ। ਉਹਨਾਂ ਕਿਹਾ ਕਿ ਗੁਰੂ ਨਾਨਕ ਜੀ ਵੱਲੋਂ ਦਿੱਤੀ ਗਈ ਸਿੱਖਿਆ ਨੂੰ ਜੀਵਨ ਵਿੱਚ ਧਾਰਣ ਕਰਦੇ ਹੋਏ ਆਪਣੀ ਜ਼ਿੰਦਗੀ ਨੂੰ ਜਿਉਣਾ ਚਾਹੀਦਾ।

ਇਸੇ ਤਰ੍ਹਾਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਇਸਤਰੀ ਵਿੰਗ ਦੀ ਪ੍ਰਧਾਨ ਰੂਪ ਕਾਹਲੋਂ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਚੇਅਰਪਰਸਨ ਰਮਿੰਦਰ ਵਾਲੀਆ ਤੇ ਹਰਦੀਪ ਕੌਰ ਸੀਨੀਅਰ ਸਿਟੀਜਨ ਵੱਲੋਂ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਰੋਸ਼ਨੀ ਪਾਈ ਗਈ। ਇਸ ਤੋਂ ਇਲਾਵਾ ਹਰਜੀ ਬਾਜਵਾ, ਕੇਹਰ ਸਿੰਘ ਮਠਾੜੂ, ਹਰਦੀਪ ਕੋਰ ਹੈਲਪਿੰਗ ਹੈਂਡ, ਜਸਪਾਲ ਸਿੰਘ ਕਾਹਲੋਂ ਵੱਲੋਂ ਗੁਰਪੁਰਬ ਦੇ ਸਬੰਧ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਗਏ।

ਇਸ ਮੌਕੇ ਤੇ ਕਈ ਮਾਣਮੱਤੀਆਂ ਸ਼ਖਸ਼ੀਅਤਾਂ ਵੀ ਮੌਜੂਦ ਸਨ।



Only This Weekend

# BRAMPTON CASH & CARRY

**Importer | Wholesaler | Retailer**

100 KENNEDY RD S
BRAMPTON, ON
L6W 3E7

## GURPURAB SPECIAL

FROM 15TH NOV,2024 TO 17TH NOV,2024

IN STORE ONLY

$13.99




Sher Atta 20lb

$16.99




Rajdhani Mustard Oil 5l

$2.49




Dempster Bread

$2.09




Modhani Dahi 750gm

$23.99




Savera Desi ghee 1.5kg

$2.99




Potato 10lb

$6.49




Milk 3.2% 4L

9.99




Brown Sugar 11lb

+905-230-4800

# ਸਾਫ਼ ਹਵਾ ਲੋਕਾਂ ਦਾ ਮੁੱਢਲਾ ਹੱਕ, ਸੁਪਰੀਮ ਕੋਰਟ ਨੇ ਜ਼ਿੰਮੇਵਾਰਾਂ ਨੂੰ ਪਾਈ ਝਾੜ

ਨਵੀਂ ਦਿੱਲੀ, 20 ਨਵੰਬਰ, (ਜਸਵਿੰਦਰ ਸਿੰਘ ਬਿੱਟਾ)- ਸੁਪਰੀਮ ਕੋਰਟ ਨੇ ਦਿੱਲੀ-ਐਨ.ਸੀ.ਆਰ ਦੇ ਰਾਜਾਂ ਨੂੰ ਹੁਕਮ ਦਿੱਤਾ ਹੈ ਕਿ ਉਹ 12ਵੀਂ ਤੱਕ ਫਿਜ਼ੀਕਲ ਕਲਾਸਾਂ ਮੁਅੱਤਲ ਕਰਨ ਸੰਬੰਧੀ ਤੁਰੰਤ ਫ਼ੈਸਲਾ ਲੈਣ । ਸੋਮਵਾਰ ਨੂੰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪ੍ਰਦੂਸ਼ਣ ਦੀ ਜ਼ਿਆਦਾ ਗੰਭੀਰ ਹਾਲਾਤਾਂ ਦੇ ਮੱਦੇਨਜ਼ਰ ਕਾਰਵਾਈ ਕਰਨ 'ਚ ਕੀਤੀ ਗਈ ਦੇਰੀ 'ਤੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ। ਸੁਪਰੀਮ ਕੋਰਟ ਨੇ ਦਿੱਲੀ-ਐਨਸੀਆਰ ਦੇ ਰਾਜਾਂ ਨੂੰ ਤੁਰੰਤ ਇੱਕ ਟੀਮ ਬਣਾਉਣ ਅਤੇ ਗਰੈਪ 4 ਦੀਆਂ ਪਾਬੰਦੀਆਂ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਇਹ ਬੈਨ A.Q.I 450 ਤੋਂ ਹੇਠਾਂ ਆਉਂਣ ਤੇ ਵੀ ਲਾਗੂ ਰਹੇਗਾ।



ਜਸਟਿਸ ਏ.ਐਸ. ਓਕਾ ਅਤੇ ਜਸਟਿਸ ਆਗਸਟੀਨ ਜਾਰਜ਼ ਮਸੀਹ ਦੀ ਬੈਂਚ ਨੇ ਕਿਹਾ ਕਿ ਇਹ ਸਾਰੇ ਰਾਜਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਣ ਦੇਣ। ਇਕ ਅਜਿਹਾ ਮਿਕੈਨਿਜਮ ਬਣਾਇਆ ਜਾਵੇ, ਜਿੱਥੇ ਗਰੈਪ-4 ਤਹਿਤ ਤੈਅ ਨਿਯਮਾਂ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਕੀਤੀਆਂ ਜਾ ਸਕਣ। ਸੁਪਰੀਮ ਕੋਰਟ ਨੇ ਦਿੱਲੀ ਅਤੇ ਐਨ.ਸੀ.ਆਰ ਰਾਜਾਂ ਨੂੰ 22 ਨਵੰਬਰ ਤੱਕ ਪਾਲਣਾ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਅਤੇ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (C.A.Q.M) ਨੂੰ ਸਵਾਲ ਕੀਤਾ ਹੈ ਕਿ ਗਰੁੱਪ ਪੜਾਵਾਂ ਨੂੰ ਲਾਗੂ ਕਰਨ ਵਿੱਚ ਦੇਰੀ ਕਿਉਂ ਹੋਈ। ਦਿੱਲੀ ਸਰਕਾਰ ਦੇ ਵਕੀਲ ਨੇ ਕਿਹਾ ਕਿ ਸੋਮਵਾਰ ਤੋ ਗਰੈਪ 4 ਲਾਗੂ ਕਰ ਦਿੱਤਾ ਗਿਆ ਹੈ ਅਤੇ ਦਿੱਲੀ 'ਚ ਭਾਰੀ ਵਾਹਨਾਂ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ ਹੈ। ਸੁਪਰੀਮ ਕੋਰਟ ਨੇ ਸਵਾਲ ਕੀਤਾ ਕਿ ਜਦੋਂ A.Q.I 300 ਤੋਂ 400 ਦੇ ਵਿਚਕਾਰ ਆਇਆ ਤਾਂ ਗਰੈਪ-4 ਲਾਗੂ ਹੋਣਾ ਚਾਹੀਦਾ ਸੀ। ਇਸ ਵਿਚ ਦੇਰੀ ਕਰਨਾ ਖ਼ਤਰਨਾਕ ਹੈ। ਕੁਆਲਟੀ ਸੁਧਾਰਨ ਦੇ ਲਈ ਮੌਸਮ ਦੀ ਸਥਿਤੀ ਨੂੰ ਪਹਿਲਾ ਦੇਖਿਆ ਜਾਵੇ ਬਜਾਇ ਇਸਦੇ ਕਿ ਪ੍ਰਦੂਸ਼ਣ ਰੋਕਣ ਦੇ ਲਈ ਕਾਰਵਾਈ ਕਰਨੀ ਚਾਹੀਦੀ ਸੀ।

ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਗ੍ਰੇਪ 4 ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਅਦਾਲਤ ਕੋਈ ਦੂਸਰਾ ਹੁਕਮ ਜਾਰੀ ਨਾ ਕਰੇ। ਭਾਵੇ ਦਿੱਲੀ ਦਾ A.Q.I 450 ਤੋਂ ਹੇਠਾ ਆ ਜਾਵੇ। ਸੁਪਰੀਮ ਕੋਰਟ ਨੇ C.A.Q.M ਤੇ ਨਾਰਾਜ਼ਗੀ ਪ੍ਰਗਟਾਈ ਕਿ ਉਸਨੇ ਗ੍ਰੇਪ-3 ਅਤੇ ਗ੍ਰੇਪ-4 ਪ੍ਰੋਟੋਕਾੱਲ ਲਾਗੂ ਕਰਨ ਦੇ ਲਈ A.Q.I ਦੀ ਸੀਮਾ ਪਾਰ ਕਰਨ ਦਾ ਇੰਤਜ਼ਾਰ ਕੀਤਾ। A.Q.I 12 ਨਵੰਬਰ ਨੂੰ 400 ਤੋਂ ਜ਼ਿਆਦਾ ਹੋ ਗਿਆ ਸੀ, ਪਰ ਗ੍ਰੇਪ-ਕੇਵਲ 14 ਨਵੰਬਰ ਤੋਂ ਲਾਗੂ ਕੀਤਾ ਗਿਆ। 17 ਨਵੰਬਰ ਨੂੰ A.Q.I 450 ਪਾਰ ਕਰ ਗਿਆ, ਪਰ ਗ੍ਰੇਪ-4ਨੂੰ 18 ਨਵੰਬਰ ਤੋਂ ਲਾਗੂ ਕੀਤਾ ਗਿਆ।

C.A.Q.M ਨੂੰ ਇੰਤਜਾਰ ਨਹੀਂ ਕਰਨਾ ਚਾਹੀਦਾ ਸੀ। ਉਸ ਨੂੰ ਪ੍ਰਦੂਸ਼ਣ ਰੋਕਣ ਦੇ ਲਈ ਤੁਰੰਤ ਕਦਮ ਚੁੱਕਣਾ ਚਾਹੀਦਾ ਸੀ।

**ਤੁਰੰਤ ਕਦਮ ਚੁੱਕੋ, ਸੂਬੀਆ ਤੇ ਨਾ ਛੱਡੋਂ**

ਪਟੀਸ਼ਨਕਰਤਾ ਦੇ ਵਕੀਲ ਗੋਪਾਲ ਸ਼ੰਕਰ ਨਾਰਾਇਣਨ ਨੇ ਵੀ ਕਿਹਾ ਕਿ ਕੋਰਟ ਰੂਮ ਵਿੱਚ A.Q.I ਪੱਧਰ 900 ਦੇ ਆਸਪਾਸ ਹੈ। ਅਦਾਲਤ ਦੇ ਬਾਹਰ ਉਸਾਰੀ ਦਾ ਕੰਮ ਚੱਲ ਰਿਹਾ ਹੈ। ਫਿਰ ਸੁਪਰੀਮ ਕੋਰਟ ਨੇ ਸਕੱਤਰ ਜਨਰਲ ਨੂੰ ਬੁਲਾਉਣ ਲਈ ਕਿਹਾ। ਇਸ ਦੌਰਾਨ ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਸਥਿਤੀ ਗੰਭੀਰ ਹੈ ਪਰ ਸਕੂਲਾਂ ਨੂੰ ਬੰਦ ਕਰਨ ਦਾ ਫੈਸਲਾ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ। ਸੁਪਰੀਮ ਕੋਰਟ ਨੇ ਕਮਿਸ਼ਨ ਨੂੰ ਕਿਹਾ ਹੈ ਕਿ ਉਹ ਸਾਰੇ ਪੜਾਵਾਂ ਤਹਿਤ ਸਖ਼ਤ ਕਦਮ ਚੁੱਕੇ ਅਤੇ ਰਾਜ ਸਰਕਾਰਾਂ ਨੂੰ ਆਪਣੀ ਮਰਜ਼ੀ ਨਾਲ ਫ਼ੈਸਲੇ ਲੈਣ ਦਾ ਮੌਕਾ ਨਾ ਦਿੱਤਾ ਜਾਵੇ। ਅਦਾਲਤ ਨੇ ਨਿਰਦੇਸ਼ ਦਿੱਤਾ ਹੈ ਕਿ ਉਹ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਈ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਯਕੀਨੀ ਬਣਾਉਣ।

**ਪ੍ਰਦੂਸ਼ਣ ਮੁਕਤ ਵਾਤਾਵਰਣ ਦਿਓ**

ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਸਾਰੇ ਰਾਜਾਂ ਦਾ ਇਹ ਸੰਵਿਧਾਨਿਕ ਫਰਜ਼ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਣ ਦੇਣ।

ਗ੍ਰੇਪ ਲਾਗੂ ਕਰਨ ਵਿੱਚ ਕਿਉਂ ਹੋਈ ਦੇਰੀ ?

ਬੈਂਚ ਨੇ ਕਮਿਸ਼ਨ ਫਾੱਰ ਏਅਰ ਕੁਆਲਿਟੀ ਮੈਨੇਜਮੇਂਟ ਨੂੰ ਸਵਾਲ ਕੀਤਾ ਕਿ ਹਵਾ ਜਹਿਰੀਲੀ ਹੋਣ ਦੇ ਬਾਅਦ ਵੀ ਗ੍ਰੇਪ ਦੇ ਪੜਾਵਾਂ ਨੂੰ ਲਾਗੂ ਕਰਨ ਵਿੱਚ ਦੇਰੀ ਕਿਉਂ ਹੋਈ।

ਪਹਿਲਾ ਹੀ ਕਰਨੀ ਚਾਹੀਦੀ ਸੀ ਕਾਰਵਾਈ

C.A.Q.M ਨੇ ਏਅਰ ਕੁਆਲਿਟੀ ਸੁਧਾਰਨ ਦੇ ਲਈ ਮੌਸਮ ਦੀ ਸਥਿਤੀ ਨੂੰ ਪਹਿਲਾ ਦੇਖਿਆ। ਪ੍ਰਦੂਸ਼ਣ ਘੱਟ ਕਰਨ ਨੂੰ ਲੈ ਕੇ ਸਾਰੀ ਜ਼ਰੂਰੀ ਕਾਰਵਾਈ ਕਰਨੀ ਚਾਹੀਦੀ ਹੈ।

ROYAL TASTE SWEETS AND RESTAURANT
VEG | NON-VEG

ORDER ON SKIP
www.royaltastesweets.com
10990 Chinguacousy Rd, Brampton, ON, Canada, Brampton, L7A 0P1

One Bed Room Basement
Basement in sharing is available from dec 1st at queen & centre very close to Brampton down town and 2 mins walk to all amenities
437 419 5200
Any single person preferred

AXLE Car Rental
Enjoy The Ride!
905.917.0818
We Provide:
- Insurance Replacement Rental
- We Deal With All Insurance Companies
- All New Models of Cars, Suv's & Mini Vans
- Free Local Shuttle Service

axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

ਜ਼ਰੂਰੀ ਸੂਚਨਾਂ
ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸ਼ਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।
ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com
ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ
ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।
ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ BRAMPTON CASH & CARRY
ਦੀ ਇੱਕ ਨਵੀਂ ਬਰਾਂਚ ਬਹੁਤ ਜਲਦ ਖੁੱਲ ਰਹੀ ਹੈ।
ਇਸ ਗੱਲ ਦਾ ਖੁਲਾਸਾ ਉਘੇ ਉਦਯੋਗਪਤੀ ਦਲਬੀਰ ਸਿੰਘ ਕਥੂਰੀਆ ਨੇ ਕੀਤਾ
3643 Portage Rd, Niagara Falls
416-700-9100


Weight 10 Pond
Price $5.99
BRAMPTON CASH & CARRY
BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

Only This Weekend

# BRAMPTON CASH & CARRY

**Importer | Wholesaler | Retailer**

100 KENNEDY RD S
BRAMPTON, ON
L6W 3E7

## GURPURAB SPECIAL

FROM 15TH NOV,2024 TO 17TH NOV,2024

IN STORE ONLY

$9.99

**Layalpur Atta Buscuit**

3 FOR $1

**Goodday Biscuit 50gm**

$9.99

**Neelam Basmati rice 10lb**

$1.99

**Best Food Gachak 400gm**

$8.99

**Can green Compartment plate 40pcs**

29.99

**Comfy Comforter + Pillow Cover**

$5.99

**Toilet Roll 12/cs**

$1.99

**Best Food Rusk 600gm**

+905-230-4800

# ਨੌਜਵਾਨਾਂ ਵਿੱਚ ਵਧ ਰਹੀ ਕਾਪੀ-ਪੇਸਟ ਦੀ ਆਦਤ

ਨਵੀਂ ਦਿੱਲੀ, 20 ਨਵੰਬਰ, (ਜਸਵਿੰਦਰ ਸਿੰਘ ਬਿੱਟਾ)- ਆਧੁਨਿਕ ਤਕਨੀਕ ਲੋਕਾਂ ਦੇ ਕੰਮ ਦਾ ਬੋਝ ਤਾਂ ਹਲਕਾ ਕਰ ਰਹੀ ਹੈ, ਪਰ ਉਹਨਾਂ ਦੀ ਬੌਧਿਕ ਅਤੇ ਕਾਰਜ ਸਮਰੱਥਾ ਨੂੰ ਵੀ ਪ੍ਰਭਾਵਿਤ ਕਰਦੀ ਜਾ ਰਹੀ ਹੈ। ਅੱਜ ਦੇ ਸਮੇਂ ਵਿੱਚ ਮੋਬਾਇਲ ਅਤੇ ਕੰਪਿਊਟਰ ਤੇ ਲੋਕਾਂ ਦੀ



ਨਿਰਭਰਤਾ ਕਾਫ਼ੀ ਹੱਦ ਤੱਕ ਵਧ ਗਈ ਹੈ। ਉਧਰ, ਇੱਕ ਨਵੇਂ ਸਰਵੇਂ ਦੀ ਰਿਪੋਰਟ ਦਾ ਦਾਅਵਾ ਹੈ ਕਿ ਉੱਤਰਾਖੰਡ ਦਾ ਨੌਜਵਾਨ ਵਰਗ ਕਰਕੇ ਉਤਾਰਾ ਕਰਨ ਦੇ ਮਾਮਲੇ ਵਿੱਚ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਵੀ ਅੱਗੇ ਹੈ। ਡਾਟਾ, ਸੂਚਨਾਵਾਂ ਅਤੇ ਦਸਤਾਵੇਜ਼ਾਂ ਨੂੰ ਇਲੈਕਟਰੋਨਿਕ ਉਪਕਰਨਾ ਤੋਂ ਕਾਪੀ-ਪੇਸਟ ਕਰਨ ਵਿੱਚ ਉੱਤਰਾਖੰਡ ਦੇ ਨੌਜਵਾਨਾਂ ਨੂੰ ਹੁਨਰ ਪ੍ਰਾਪਤ ਹੈ । ਦਿਲਚਸਪ ਗੱਲ ਇਹ ਹੈ ਕਿ ਇੱਕ ਨਾਮੀ ਕੰਪਨੀ ਦੇ ਸਰਵੇਂਖਣ ਮੁਤਾਬਕ ਉੱਤਰਾਖੰਡ ਦਾ ਨੌਜਵਾਨ ਵਰਗ ਇਲੈਕਟਰੋਨਿਕ ਉਪਕਰਨਾ ਤੋਂ ਜ਼ਰੂਰਤ ਦੀ ਚੀਜ਼ ਨੂੰ ਕਾਪੀ ਪੇਸਟ ਕਰਦਾ ਹੈ। ਇਸ ਤਰਾਂ ਹੋਣ ਨਾਲ ਨੌਜਵਾਨਾਂ ਦਾ ਤਰਕ ਅਤੇ ਬੌਧਿਕ ਰੂਪ ਵਿੱਚ ਵਿਕਸਿਤ ਹੋਣ ਵਿੱਚ ਸਮਾਂ ਲੱਗਦਾ ਹੈ। ਕਾਪੀ ਪੇਸਟ ਵਿੱਚ ਮਾਹਿਰ ਨੌਜਵਾਨ ਮੁੱਢਲੇ ਗਿਆਨ ਦੀਆਂ ਚੀਜ਼ਾਂ ਤੋਂ ਦੂਰ ਹੋ ਰਿਹਾ ਹੈ।




# ਇਕ ਤਿਹਾਈ ਸਜਾ ਕੱਟ ਚੁੱਕੇ ਕੈਦੀਆਂ ਦੀ ਹੋਵੇਗੀ ਰਿਹਾਈ : ਸ਼ਾਹ



ਨਵੀਂ ਦਿੱਲੀ, 20 ਨਵੰਬਰ, (ਜਸਵਿੰਦਰ ਸਿੰਘ ਬਿੱਟਾ)- ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਸਰਕਾਰ ਇਹ ਯਕੀਨੀ ਕਰੇਗੀ ਕਿ ਸੰਵਿਧਾਨ ਦਿਨ ਤੋਂ ਪਹਿਲਾਂ ਉਨ੍ਹਾਂ ਸਾਰੇ ਕੈਦੀਆਂ ਨੂੰ ਇਨਸਾਫ਼ ਮਿਲੇ, ਜਿਹਨਾਂ ਨੇ ਆਪਣੀ ਸਜ਼ਾ ਦਾ ਇਕ ਤਿਹਾਈ ਹਿੱਸਾ ਪੂਰਾ ਕਰ ਲਿਆ ਹੈ। 50ਵੇਂ ਅਖਿਲ ਭਾਰਤੀ ਪੁਲਿਸ ਵਿਗਿਆਨ ਕਾਨਫਰੰਸ ਵਿਚ ਬੋਲਦੇ ਹੋਏ ਸ਼ਾਹ ਨੇ ਕਿਹਾ,' ਅਸੀਂ ਅਦਾਲਤਾਂ, ਅਭਿਯੋਜਨ ਪੱਖ ਪੁਲਿਸ ਨੂੰ ਲਗਭਗ 60 ਪ੍ਰਬੰਧਨਾ ਨਾਲ ਬੰਨ੍ਹ ਦਿੱਤਾ ਹੈ, ਤਾਂ ਕਿ ਉਹ ਆਪਣਾ ਕੰਮ ਸਮੇਂ ਸੀਮਾ ਦੇ ਅੰਦਰ ਪੂਰਾ ਕਰ ਸਕਣ । ਅਸੀਂ ਜੇਲ੍ਹਾਂ ਨੂੰ ਵੀ ਨਿਰਦੇਸ਼ਿਤ ਕੀਤਾ ਹੈ ਕਿ ਜ਼ੇਕਰ ਕਿਸੇ ਵਿਸ਼ੇਸ਼ ਸੀਮਾ ਦੇ ਬਾਅਦ ਟ ?ਰਾਇਲ ਨਹੀਂ ਚਲ ਰਿਹਾ ਹੈ, ਤਾਂ ਕੁਝ ਗੰਭੀਰ ਅਪਰਾਧਾਂ ਨੂੰ ਛੱਡਕੇ ਜੇਲ ? ਅਧਿਕਾਰੀਆਂ ਨੂੰ ਖ਼ੁਦ ਅਦਾਲਤ ਵਿੱਚ ਜਮਾਨਤ ਪ੍ਰਕਿਰਿਆ ਪੇਸ਼ ਕਰਨੀ ਹੋਵੇਗੀ। ਸਾਡਾ ਯਤਨ ਹੈ ਕਿ ਸੰਵਿਧਾਨ ਦਿਵਸ ਤੋ ਪਹਿਲਾਂ ਦੇਸ਼ ਦੀਆਂ ਜੇਲ੍ਹਾਂ ਵਿੱਚ ਇੱਕ ਵੀ ਅਜਿਹਾ ਕੈਦੀ ਨਾ ਹੋਵੇ ਜਿਸਨੇ ਆਪਣੀ ਸਜ਼ਾ ਦਾ ਇੱਕ ਤਿਹਾਈ ਹਿੱਸਾ ਪੂਰਾ ਕਰ ਲਿਆ ਹੋਵੇ ਅਤੇ ਉਸਨੂੰ ਹੁਣ ਤੱਕ ਇਨਸਾਫ ਨਾ ਮਿਲਿਆ ਹੋਵੇ। ਪੁਲਿਸ ਨੂੰ ਜਵਾਬਦੇਹ ਬਣਾਉਣ ਦੇ ਲਈ ਬਹੁਤ ਕੰਮ ਕੀਤਾ ਗਿਆ ਹੈ ਕਿ ਪੁਲਿਸ ਨੂੰ ਮਜ਼ਬੂਤ ਬਣਾਉਣ ਦੇ ਲਈ ਵੀ ਕਈ ਕਦਮ ਚੁੱਕੇ ਗਏ ਹਨ।







# ਭਰਾ ਦੇ ਭੋਗ 'ਚ ਸ਼ਮੂਲੀਅਤ ਲਈ ਪਿੰਡ ਰਾਜੋਆਣਾ ਪੁੱਜੇ ਬਲਵੰਤ ਸਿੰਘ ਰਾਜੋਆਣਾ



ਗੁਰੂਸਰ ਸੁਧਾਰ, 20 ਨਵੰਬਰ,(ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਬੇਅੰਤ ਸਿੰਘ ਕਤਲ ਕਾਂਡ ਦੇ ਸਬੰਧ ਵਿਚ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਬੁੱਧਵਾਰ ਨੂੰ ਆਪਣੇ ਮਰਹੂਮ ਭਰਾ ਕੁਲਵੰਤ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਆਪਣੇ ਜੱਦੀ ਪਿੰਡ ਰਾਜੋਆਣਾ ਪੁੱਜੇ। ਉਨ੍ਹਾਂ ਨੂੰ ਪੁਲੀਸ ਨੇ ਭਾਰੀ ਸੁਰੱਖਿਆ ਬੰਦੋਬਸਤ ਹੇਠ ਕੇਂਦਰੀ ਜੇਲ੍ਹ ਪਟਿਆਲਾ ਤੋਂ ਇਥੇ ਲਿਆਂਦਾ ਹੈ, ਜਿਨ੍ਹਾਂ ਨੂੰ ਭਰਾ ਦੇ ਭੋਗ ਵਿਚ ਸ਼ਾਮਲ ਹੋਣ ਲਈ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਲਈ ਤਿੰਨ ਘੰਟੇ ਦੀ ਪੈਰੋਲ ਦਿੱਤੀ ਸੀ। ਕੁਲਵੰਤ ਸਿੰਘ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਹੋ ਰਿਹਾ ਹੈ, ਜਿਸ ਦੇ ਬਾਹਰ ਵੀ ਪੁਲੀਸ ਨੇ ਭਾਰੀ ਸੁਰੱਖਿਆ ਇੰਤਜ਼ਾਮ ਕੀਤੇ ਹੋਏ ਹਨ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪੰਥਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਦਾ ਸਿੱਖ ਪੰਥ ਨੂੰ ਸੱਦਾ ਦਿੱਤਾ। ਸ਼ਰਧਾਂਜਲੀ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਹੋਰ ਬਹੁਤ ਸਾਰੇ ਧਾਰਮਿਕ ਤੇ ਸਿਆਸੀ ਆਗੂਆਂ ਸਣੇ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।ਦੱਸਣਯੋਗ ਹੈ ਕਿ ਕੁਲਵੰਤ ਸਿੰਘ ਦੀ ਇਸੇ ਮਹੀਨੇ ਦੇ ਸ਼ੁਰੂ ਵਿਚ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਪਿੰਡ ਰਾਜੋਆਣਾ ਕਲਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਗਿਆ ਸੀ।ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਬਲਵੰਤ ਸਿੰਘ ਰਾਜੋਆਣਾ ਨੂੰ ਬੁੱਧਵਾਰ ਸਵੇਰੇ 11 ਤੋਂ ਬਾਅਦ ਦੁਪਹਿਰ 2 ਵਜੇ ਤੱਕ ਲੁਧਿਆਣਾ ਸਥਿਤ ਆਪਣੇ ਪਿੰਡ ਜਾ ਕੇ ਆਪਣੇ ਭਰਾ ਦੇ ਭੋਗ ਵਿਚ ਸ਼ਾਮਲ ਹੋਣ ਲਈ ਤਿੰਨ ਘੰਟੇ ਦੀ ਪੈਰੋਲ ਦੇ ਦਿੱਤੀ ਸੀ।



# ਪੂਤਿਨ ਵੱਲੋਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਸਬੰਧੀ ਨਵੀਂ ਨੀਤੀ 'ਤੇ ਦਸਤਖ਼ਤ

ਅਮਰੀਕਾ ਵੱਲੋਂ ਯੂਕਰੇਨ ਨੂੰ ਮਿਜ਼ਾਈਲਾਂ ਨਾਲ ਰੂਸ 'ਤੇ ਹਮਲੇ ਦੀ ਆਗਿਆ ਦੇਣ ਮਗਰੋਂ ਪੂਤਿਨ ਨੇ ਚੁੱਕਿਆ ਕਦਮ



ਮਾਸਕੋ, 20 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅੱਜ ਇੱਕ ਨਵੀਂ ਪ੍ਰਮਾਣੂ ਨੀਤੀ 'ਤੇ ਦਸਤਖ਼ਤ ਕੀਤੇ ਹਨ, ਜਿਸ ਵਿੱਚ ਐਲਾਨ ਕੀਤਾ ਗਿਆ ਹੈ ਕਿ ਕਿਸੇ ਵੀ ਪ੍ਰਮਾਣੂ ਸ਼ਕਤੀ ਵੱਲੋਂ ਸਮਰਥਨ ਪ੍ਰਾਪਤ ਦੇਸ਼ ਜੇਕਰ ਰੂਸ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਉਨ੍ਹਾਂ ਦੇ ਦੇਸ਼ 'ਤੇ ਸਾਂਝਾ ਹਮਲਾ ਮੰਨਿਆ ਜਾਵੇਗਾ। ਪੂਤਿਨ ਨੇ ਪ੍ਰਮਾਣੂ ਰੋਕੂ ਨਵੀਂ ਨੀਤੀ ਦੀ ਸ਼ੁਰੂਆਤ ਉਨ੍ਹਾਂ ਵੱਲੋਂ 24 ਫਰਵਰੀ 2022 ਨੂੰ ਯੂਕਰੇਨ 'ਚ ਸੈਨਿਕਾਂ ਨੂੰ ਭੇਜੇ ਜਾਣ ਦੇ 1000ਵੇਂ ਦਿਨ ਕੀਤੀ ਹੈ। ਇਹ ਕਦਮ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਉਸ ਫ਼ੈਸਲੇ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਯੂਕਰੇਨ ਨੂੰ ਅਮਰੀਕਾ ਤੋਂ ਸਪਲਾਈ ਕੀਤੀਆਂ ਗਈਆਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਨਾਲ ਰੂਸ ਦੇ ਅੰਦਰੂਨੀ ਇਲਾਕਿਆਂ ਤੱਕ ਹਮਲਾ ਕਰਨ ਦੀ ਆਗਿਆ ਦਿੱਤੀ ਸੀ। ਕਰੈਮਲਿਨ ਦੇ ਤਰਜਮਾਨ ਦਮਿਤਰੀ ਪੈਸਕੋਵ ਨੇ ਇਸ ਸਵਾਲ ਕਿ ਕੀ ਨਵੀਂ ਨੀਤੀ ਅਮਰੀਕਾ ਵੱਲੋਂ ਮਿਜ਼ਾਈਲਾਂ ਦੀ ਵਰਤੋਂ ਸਬੰਧੀ ਯੂਕਰੇਨ 'ਤੇ ਪਾਬੰਦੀਆਂ 'ਚ ਢਿੱਲ ਦੇਣ ਦੇ ਫ਼ੈਸਲੇ ਬਾਅਦ ਜਾਣਬੁੱਝ ਕੇ ਜਾਰੀ ਕੀਤੀ ਗਈ ਹੈ? ਦੇ ਜਵਾਬ 'ਚ ਕਿਹਾ ਕਿ ਦਸਤਾਵੇਜ਼ ਨੂੰ 'ਸਮਾਂਬੱਧ ਤਰੀਕੇ' ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਪੂਤਿਨ ਨੇ ਸਰਕਾਰ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਇਸ ਨੂੰ ਅਪਡੇਟ ਕਰਨ ਦਾ ਨਿਰਦੇਸ਼ ਦਿੱਤਾ ਸੀ ਤਾਂ ਕਿ ਇਹ "ਮੌਜੂਦਾ ਸਥਿਤੀ ਦੇ ਅਨੁਸਾਰ" ਹੋਵੇ। ਸੋਧੀ ਨੀਤੀ ਮੁਤਾਬਕ ਰੂਸ ਆਪਣੇ ਸਹਿਯੋਗੀ ਬੇਲਾਰੂਸ ਵਿਰੁੱਧ ਹਮਲੇ ਦੇ ਜਵਾਬ 'ਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।

# ਕੈਨੇਡਾ ਵਿੱਚ ਪੰਜਾਬੀ ਵਿਦਿਆਰਥੀ ਹੁਣ ਇੱਕ ਹਫਤੇ ਵਿੱਚ 20 ਦੀ ਜਗਹਾ 24 ਘੰਟੇ ਕਰ ਸਕਣਗੇ ਕੰਮ



ਜਲੰਧਰ 20 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੇ ਨਾਲ-ਨਾਲ ਵਿਦੇਸ਼ੀ ਵਿਦਿਆਰਥੀਆਂ ਨੂੰ ਵੀ ਰਾਹਤ ਦਿੱਤੀ ਹੈ। ਕੈਨੇਡਾ 'ਚ ਪਹੁੰਚੇ ਭਾਰਤੀ ਵਿਦਿਆਰਥੀਆਂ ਨੂੰ ਹੁਣ ਹਫ਼ਤੇ 'ਚ 24 ਘੰਟੇ ਕੰਮ ਕਰਨ ਦੀ ਛੋਟ ਹੋਵੇਗੀ। ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਕੈਨੇਡਾ ਅਨੁਸਾਰ, ਕੈਨੇਡਾ ਕੈਂਪਸ ਦੇ ਬਿਨਾਂ ਪਰਮਿਟ ਹਰ ਹਫ਼ਤੇ 24 ਘੰਟੇ ਵਿਦਿਆਰਥੀ ਕੰਮ ਕਰ ਸਕਣਗੇ। ਹੁਣ ਤੱਕ ਭਾਰਤੀ ਵਿਦਿਆਰਥੀਆਂ ਨੂੰ ਬਿਨਾਂ ਵਰਕ ਪਰਮਿਟ ਦੇ ਵੀਹ ਘੰਟੇ ਕੰਮ ਕਰਨ ਦੀ ਆਗਿਆ ਸੀ। ਭਾਰਤੀ ਵਿਦਿਆਰਥੀਆਂ 'ਚ ਜ਼ਿਆਦਾਤਰ ਗਿਣਤੀ ਪੰਜਾਬੀ ਵਿਦਿਆਰਥੀਆਂ ਦੀ ਹੈ। ਪੌਣੇ ਦੋ ਲੱਖ ਦੇ ਕਰੀਬ ਪੰਜਾਬ ਦੇ ਵਿਦਿਆਰਥੀ ਕੈਨੇਡਾ ਪੜ੍ਹਾਈ ਲਈ ਜਾਂਦੇਹ ਨ। ਵੱਖ-ਵੱਖ ਕੋਰਸਾਂ 'ਚ ਦਾਖ਼ਲਾ ਲਮੈ ਕੇ ਹਫ਼ਤੇ 'ਚ ਵੀਹ ਘੰਟੇ ਕੰਮ ਕਰਦੇ ਸਨ। ਕੰਮ ਦੇ ਘੰਟੇ ਵਧਾਉਣ ਨਾਲ ਵਿਦਿਆਰਥੀਆਂ ਦੀ ਆਮਦਨ ਵਧੇਗੀ ਅਤੇ ਪੜ੍ਹਾਈ ਦੇ ਨਾਲ-ਨਾਲ ਕੰਮ ਦਾ ਤਜ਼ਰਬਾ ਵੀ ਮਿਲੇਗਾ। ਹਾਲ ਹੀ ਵਿੱਚ ਕੈਨੇਡਾ ਸਰਕਾਰ ਨੇ ਸਟੂਡੈਂਟ ਡਾਇਰੈਕਟ ਸਕੀਮ ਨੂੰ ਬੰਦ ਕਰ ਦਿੱਤਾ ਸੀ, ਜਿਸ ਕਾਰਨ ਵਿਦਿਆਰਥੀਆਂ 'ਚ ਰੋਸ ਪਾਇਆ ਜਾ ਰਿਹਾ ਸੀ। ਵਿਦਿਆਰਥੀ ਨੂੰ ਕੈਨੇਡਾ ਦੇ ਕਿਸੇ ਕਾਲਜ ਤੇ ਯੂਨੀਵਰਸਿਟੀ 'ਚ ਦਾਖ਼ਲਾ ਲੈ ਕੇ ਸਿਨ ਨੰਬਰ (ਸੋਸ਼ਲ ਇੰਸ਼ਿਓਰੈਂਸ ਨੰਬਰ) ਪ੍ਰਾਪਤ ਕਰਨਾ ਪਵੇਗਾ।

ਹਫਤੇ ਚ 24 ਘੰਟੇ ਕੰਮ ਕਰਨਗੇ ਭਾਰਤੀ ਵਿਦਿਆਰਥੀ

ਐਸੋਸੀਏਸ਼ਨ ਕੰਸਲਟੈਂਟ ਫਾਰ ਓਵਰਸੀਜ਼ ਸਟੱਡੀਜ਼ ਦੇ ਜਨਰਲ ਸਕੱਤਰ ਦਵਿੰਦਰ ਕੁਮਾਰ ਤੇ ਸੁਖਵਿੰਦਰ ਨੰਦਾ ਨੇ ਕਿਹਾ ਕਿ ਕੈਨੇਡਾ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਹਫ਼ਤੇ 'ਚ 24 ਘੰਟੇ ਕੰਮ ਕਰਨ ਦੀ ਗੱਲ ਆਖੀ ਹੈ। ਇਸ ਫ਼ੈਸਲੇ ਨਾਲ ਪੰਜਾਬ ਤੋਂ ਆਏ ਵਿਦਿਆਰਥੀਆਂ ਨੂੰ ਵੱਧ ਲਾਭ ਹੋਵੇਗਾ। ਉਹ ਆਮਦਨ ਵਧਾਉਣ ਦੇ ਨਾਲ-ਨਾਲ ਕੰਮ ਦਾ ਤਜ਼ਰਬਾ ਵੀ ਹਾਸਲ ਕਰ ਸਕਣਗੇ। ਫਿਲਹਾਲ ਅਜੇ ਕੈਨੇਡਾ 'ਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਫਾਈਲ ਪ੍ਰੋਸੈਸਿੰਗ ਘੱਟ ਹੋਈ ਹੈ। ਫਿਲਹਾਲ ਅਜੇ ਵਿਦਿਆਰਥੀ ਕੈਨੇਡਾ ਦੇ ਮਾਹੌਲ ਨੂੰ ਵੇਖ ਕੇ ਫਾਈਲ ਲਾਉਣ ਲਈ ਪਹੁੰਚ ਰਿਹਾ ਹੈ।

**ਕਿਹੜੇ ਵਿਦਿਆਰਥੀ ਹਫਤੇ ਦੇ 24 ਘੰਟੇ ਕਰ ਸਕਣਗੇ ਕੰਮ**

ਵਿਦਿਆਰਥੀ ਮਨੋਨੀਤ ਸਿਖਲਾਈ ਸੰਸਥਾਵਾਂ ਵਿੱਚ ਪੂਰਾ ਸਮਾਂ ਪੜ੍ਹਾਈ ਕਰ ਰਿਹਾ ਹੋਵੇ। ਕਾਲਜ-ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਹੈ ਅਤੇ ਇੱਕ ਵੋਕੇਸ਼ਨਲ ਜਾਂ ਪੇਸ਼ੇਵਰ ਸਿਖਲਾਈ ਪ੍ਰੋਗਰਾਮ ਦਾ ਹਿੱਸਾ ਹੋਵੇ।

ਵਿਦਿਆਰਥੀ ਦਾ ਕੋਰਸ ਘੱਟੋ-ਘੱਟ ਛੇ ਮਹੀਨਿਆਂ ਦਾ ਹੋਣਾ ਚਾਹੀਦਾ ਹੈ, ਜਿਸ ਦੇ ਅੰਤ ਵਿੱਚ ਉਸ ਨੂੰ ਡਿਗਰੀ, ਡਿਪਲੋਮਾ ਅਤੇ ਸਰਟੀਫਿਕੇਟ ਮਿਲੇ।

ਵਿਦਿਆਰਥੀ ਨੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਪੜ੍ਹਨਾ ਸ਼ੁਰੂ ਕਰ ਦਿੱਤਾ ਹੋਵੇ।

ਵਿਦਿਆਰਥੀ ਕੋਲ ਆਪਣਾ ਸੀਆਈਐਨ ਨੰਬਰ ਹੋਣਾ ਚਾਹੀਦਾ ਹੈ।

**ਕੈਨੇਡਾ ਵਿੱਚ ਪਾਰਟ ਟਾਈਮ ਕੰਮ ਕਰਨ ਵਾਲੇ ਵਿਦਿਆਰਥੀ**

ਡਰਾਈਵਿੰਗ - 18.70 ਪ੍ਰਤੀਸ਼ਤ

-ਖੇਤੀਬਾੜੀ-12.50ਫੀਸਦੀ

ਪੈਟਰੋਲ ਪੰਪ - 6.20 ਪ੍ਰਤੀਸ਼ਤ

-ਸਕੋਰਕੀਪਰ- 11.15 ਫੀਸਦੀ

-ਰੈਸਟੋਰੈਂਟ-8.10 ਪ੍ਰਤੀਸ਼ਤ

-ਮੋਟਰਗੈਰੇਜ-7.82 ਪ੍ਰਤੀਸ਼ਤ

-ਪਲੰਬਿੰਗ-3.62 ਫੀਸਦੀ

ਪੰਜਾਬ ਦੇ ਵਿਦਿਆਰਥੀ ਆਈਟੀ ਅਤੇ ਹੋਟਲ ਮੈਨੇਜਮੈਂਟ ਵਿੱਚ ਦਾਖਲਾ ਲੈਂਦੇ ਹਨ

-ਹੋਟਲ ਪ੍ਰਬੰਧਨ- 21.20 ਪ੍ਰਤੀਸ਼ਤ

-ਆਈ.ਟੀ.-21.26 ਫੀਸਦੀ

-ਬਿਜ਼ਨਸਸਟੱਡੀ- 11.30 ਫੀਸਦੀ

-ਵਿੱਤ-13.75 ਫੀਸਦੀ

# ਕਿਵੇਂ Manage ਕਰੀਏ ਇੱਕ ਤੋਂ ਵੱਧ ਕ੍ਰੈਡਿਟ ਕਾਰਡ ਤਾਂਕਿ ਸਿਖਰ 'ਤੇ ਰਹੇ CIBIL ਸਕੋਰ




ਨਵੀਂ ਦਿੱਲੀ, 20 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਕ੍ਰੈਡਿਟ ਕਾਰਡ ਪਲਾਸਟਿਕ ਮਨੀ ਦੀ ਵਰਤੋਂ ਕਾਫੀ ਵਧ ਗਈ ਹੈ। ਇਸ ਨਾਲ ਸ਼ਾਪਿੰਗ ਅਤੇ ਬਿਲ ਪੇਮੈਂਟ ਵਰਗੇ ਕੰਮ ਬਹੁਤ ਆਸਾਨੀ ਨਾਲ ਹੋ ਜਾਂਦੇ ਹਨ। ਇਸ ਤੋਂ ਇਲਾਵਾ, ਕੈਸ਼ ਬੈਕ ਅਤੇ ਰਿਵਾਰਡ ਪੁਆਇੰਟ ਵੀ ਉਪਲਬਧ ਹਨ। ਇਸੇ ਕਰ ਕੇ ਬਹੁਤ ਸਾਰੇ ਲੋਕ ਇੱਕ ਤੋਂ ਵੱਧ ਕ੍ਰੈਡਿਟ ਕਾਰਡ ਰੱਖਦੇ ਹਨ। ਪਰ, ਜੇਕਰ ਤੁਹਾਡੇ ਕੋਲ ਇੱਕ ਤੋਂ ਵੱਧ ਕ੍ਰੈਡਿਟ ਕਾਰਡ ਹਨ, ਤਾਂ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਤਾਂ ਹੀ ਤੁਸੀਂ ਇਸਦਾ ਫਾਇਦਾ ਉਠਾ ਸਕੋਗੇ ਆਪਣੇ ਸਾਰੇ ਕ੍ਰੈਡਿਟ ਕਾਰਡਾਂ ਦੀਆਂ ਸੀਮਾਵਾਂ ਦਾ ਪਤਾ ਹੋਣਾ ਚਾਹੀਦਾ ਹੈ। ਮਾਹਰਾਂ ਦੇ ਅਨੁਸਾਰ, ਤੁਹਾਨੂੰ ਕ੍ਰੈਡਿਟ ਕਾਰਡ ਦੀ ਸੀਮਾ ਦਾ ਵੱਧ ਤੋਂ ਵੱਧ 30 ਪ੍ਰਤੀਸ਼ਤ ਖ਼ਰਚ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਇਸ ਤੋਂ ਜ਼ਿਆਦਾ ਖ਼ਰਚ ਕਰਦੇ ਹੋ ਤਾਂ ਬੈਂਕ ਨੂੰ ਲੱਗਦਾ ਹੈ ਕਿ ਲੋਨ 'ਤੇ ਤੁਹਾਡੀ ਨਿਰਭਰਤਾ ਬਹੁਤ ਜ਼ਿਆਦਾ ਹੈ। ਇਹ ਤੁਹਾਡੇ ਕ੍ਰੈਡਿਟ ਸਕੋਰ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

**ਕਦੇ ਵੀ ਇੱਕ ਨਿਯਤ ਮਿਤੀ ਨੂੰ ਮਿਸ ਨਾ ਕਰੋ**

ਜੇ ਤੁਹਾਡੇ ਕੋਲ ਇੱਕ ਤੋਂ ਵੱਧ ਕ੍ਰੈਡਿਟ ਕਾਰਡ ਹਨ ਤਾਂ ਨਿਯਤ ਮਿਤੀ ਦਾ ਧਿਆਨ ਰੱਖਣਾ ਸਭ ਤੋਂ ਮਹੱਤਵਪੂਰਨ ਹੈ। ਇਸ ਲਈ, ਇਹ ਮਹੱਤਵਪੂਰਨ ਹੈ ਕਿ ਤੁਸੀਂ ਸਾਰੇ ਕਾਰਡਾਂ ਦੀ ਨਿਯਤ ਮਿਤੀ ਦਾ ਰੀਮਾਈਂਡਰ ਸੈਟ ਕਰੋ। ਜੇਕਰ ਤੁਸੀਂ ਨਿਯਤ ਮਿਤੀ ਤੋਂ ਖੁੰਝ ਜਾਂਦੇ ਹੋ ਤਾਂ ਤੁਹਾਨੂੰ ਭਾਰੀ ਵਿਆਜ ਅਦਾ ਕਰਨਾ ਪਵੇਗਾ। ਇਸ ਤੋਂ ਇਲਾਵਾ ਤੁਹਾਡੇ ਕ੍ਰੈਡਿਟ ਸਕੋਰ 'ਤੇ ਵੀ ਬੁਰਾ ਅਸਰ ਪਵੇਗਾ। ਇਸ ਤੋਂ ਬਚਣ ਲਈ, ਤੁਸੀਂ ਆਟੋ ਪੇਅ ਨੂੰ ਵੀ ਸਮਰੱਥ ਕਰ ਸਕਦੇ ਹੋ।

**ਘੱਟੋ-ਘੱਟ ਬਕਾਇਆ**

ਬਹੁਤ ਸਾਰੇ ਲੋਕ ਪੂਰੇ ਕ੍ਰੈਡਿਟ ਕਾਰਡ ਬਿੱਲ ਦਾ ਭੁਗਤਾਨ ਕਰਨ ਦੀ ਬਜਾਏ ਸਿਰਫ ਘੱਟੋ-ਘੱਟ ਬਕਾਇਆ ਦਾ ਭੁਗਤਾਨ ਕਰਦੇ ਹਨ। ਜੇ ਤੁਸੀਂ ਕਿਸੇ ਵਿੱਤੀ ਸੰਕਟ ਵਿੱਚ ਹੋ ਤਾਂ ਤੁਸੀਂ ਕਦੇ-ਕਦੇ ਅਜਿਹਾ ਕਰ ਸਕਦੇ ਹੋ। ਪਰ ਇਸਦੀ ਆਦਤ ਨਾ ਬਣਾਓ। ਜੇ ਤੁਸੀਂ ਹਮੇਸ਼ਾ ਘੱਟੋ-ਘੱਟ ਬਕਾਇਆ ਭੁਗਤਾਨ ਕਰਦੇ ਹੋ ਤਾਂ ਤੁਹਾਡੇ ਕਰਜ਼ੇ ਦਾ ਬੋਝ ਵਧ ਜਾਵੇਗਾ ਅਤੇ ਤੁਸੀਂ ਕਦੇ ਨਾ ਖ਼ਤਮ ਹੋਣ ਵਾਲੇ ਕਰਜ਼ੇ ਦੇ ਜਾਲ ਵਿੱਚ ਫਸ ਸਕਦੇ ਹੋ।

**ਕੈਸ਼ਬੈਕ-ਇਨਾਮ**

ਤੁਹਾਨੂੰ ਕ੍ਰੈਡਿਟ ਕਾਰਡ ਲੈਣ-ਦੇਣ 'ਤੇ ਕੈਸ਼ਬੈਕ ਅਤੇ ਰਿਵਾਰਡ ਪੁਆਇੰਟ ਮਿਲਦੇ ਹਨ। ਜਿੰਨਾ ਹੋ ਸਕੇ ਉਹਨਾਂ ਦੀ ਵਰਤੋਂ ਕਰੋ। ਇਸ ਨਾਲ ਤੁਸੀਂ ਸ਼ਾਪਿੰਗ ਕਰਦੇ ਸਮੇਂ ਕਾਫੀ ਪੈਸੇ ਬਚਾ ਸਕਦੇ ਹੋ। ਹਾਲਾਂਕਿ, ਕਿਸੇ ਨੂੰ ਵਧੇਰੇ ਕੈਸ਼ਬੈਕ ਅਤੇ ਇਨਾਮ ਪੁਆਇੰਟਾਂ ਦੀ ਭਾਲ ਵਿੱਚ ਬੇਲੋੜੇ ਖਰਚਿਆਂ ਤੋਂ ਬਚਣਾ ਚਾਹੀਦਾ ਹੈ।

**ਘੱਟੋ-ਘੱਟ ਕਾਰਡ ਦੀ ਵਰਤੋਂ**

ਜੇ ਤੁਹਾਡਾ ਕੰਮ ਇੱਕ ਹੀ ਕ੍ਰੈਡਿਟ ਕਾਰਡ ਨਾਲ ਹੋ ਰਿਹਾ ਹੈ ਤਾਂ ਸਿਰਫ ਦਿਖਾਵੇ ਲਈ ਜ਼ਿਆਦਾ ਕਾਰਡ ਲੈਣ ਦੀ ਪਰੇਸ਼ਾਨੀ ਵਿੱਚ ਨਾ ਜਾਓ। ਤੁਹਾਡੇ ਕੋਲ ਜਿੰਨੇ ਘੱਟ ਕ੍ਰੈਡਿਟ ਕਾਰਡ ਹੋਣਗੇ, Manage ਕਰਨਾ ਓਨਾ ਹੀ ਆਸਾਨ ਹੋਵੇਗਾ। ਇਸ ਤੋਂ ਇਲਾਵਾ, ਕਈ ਕਾਰਡਾਂ ਲਈ ਅਰਜ਼ੀ ਦੇਣ ਨਾਲ ਤੁਹਾਡੇ ਕ੍ਰੈਡਿਟ ਸਕੋਰ ਨੂੰ ਨੁਕਸਾਨ ਹੋ ਸਕਦਾ ਹੈ।

# ਪਤੀ ਦਾ ਪਰਿਵਾਰ ਬਾੱਡੀ ਸ਼ੇਮਿੰਗ ਕਰੇ ਤਾਂ ਇਹ ਵੀ ਪਰਿਵਾਰਕ ਹਿੰਸਾ : ਕੇਰਲ ਹਾਈ ਕੋਰਟ



ਨਵੀਂ ਦਿੱਲੀ, 20 ਨਵੰਬਰ, (ਜਸਵਿੰਦਰ ਸਿੰਘ ਬਿੱਟਾ)- ਕੇਰਲ ਹਾਈ ਕੋਰਟ ਨੇ ਕਿਹਾ ਹੈ ਕਿ ਪਤੀ ਦੇ ਪਰਿਵਾਰਕ ਮੈਂਬਰਾਂ ਵਿੱਚ, ਜੇਠਾਣੀ-ਦੇਰਾਣੀ ਵੀ ਸ਼ਾਮਲ ਹਨ, ਜੇਕਰ ਇਹ ਮੈਂਬਰ ਮਹਿਲਾ ਦੀ ਬੌਡੀ ਸ਼ੇਮਿੰਗ (ਕਿਸੇ ਵੀ ਸਰੀਰਕ ਬਣਤਰ 'ਤੇ ਟਿੱਪਣੀ) ਕਰਦੇ ਹਨ ,ਤਾਂ ਇਹ ਘਰੇਲੂ ਹਿੰਸਾ ਦੇ ਦਾਇਰੇ ਵਿੱਚ ਆਉਂਦਾ ਹੈ। ਹਾਈ ਕੋਰਟ ਨੇ ਇਹ ਫੈਸਲਾ ਉਸ ਪਟੀਸ਼ਨ ਨੂੰ ਖਾਰਜ ਕਰਦਿਆਂ ਹੋਇਆ ਦਿੱਤਾ, ਜੋ ਇਕ ਮਹਿਲਾ ਨੇ ਆਪਣੀ ਜੇਠਾਣੀ ਤੇ ਦਾਇਰ ਕੀਤੀ ਸੀ। ਜੇਠਾਣੀ ਤੇ ਘਰੇਲੂ ਹਿੰਸਾ ਦੇ ਇਲਜ਼ਾਮ ਹਨ। ਇਹ ਕੇਸ ਕੁਨਰ ਜਿਲੇ ਦੇ ਕਥੁਰਪਰਮਵਾ ਪੁਲਿਸ ਨੇ ਇਕ ਸ਼ਿਕਾਇਤ ਦੇ ਆਧਾਰ ਤੇ ਦਰਜ ਕੀਤਾ ਸੀ। ਸ਼ਿਕਾਇਤ ਵਿੱਚ ਇਲਜਾਮ ਲਗਾਇਆ ਗਿਆ ਸੀ ਕਿ ਮਹਿਲਾ ਨੂੰ ਉਸਦੇ ਸਹੁਰੇ ਘਰ ਵਿੱਚ ਪਰਿਵਾਰਕ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ। ਪੁਲਿਸ ਨੇ ਇਸ ਮਾਮਲੇ ਵਿੱਚ ਪਤੀ, ਸਹੁਰੇ, ਅਤੇ ਜੇਠਾਣੀ ਦੇ ਖਿਲਾਫ਼ ਧਾਰਾ 498 ਏ ਦੇ ਤਹਿਤ ਕੇਸ ਦਰਜ ਕੀਤਾ ਸੀ। ਇਸ ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਉਹਨਾਂ ਦੇ ਖਿਲਾਫ਼ ਲਗਾਏ ਇਲਜਾਮ ਕੇਵਲ ਸ਼ਿਕਾਇਤਕਰਤਾ ਦੇ ਸਰੀਰਕ ਬਣਤਰ ਨੂੰ ਲੈ ਕੇ ਟਿੱਪਣੀਆਂ ਤੱਕ ਸੀਮਤ ਹਨ, ਜਿਸ ਵਿੱਚ ਕਿਹਾ ਗਿਆ ਕਿ ਉਹ ਆਪਣੇ ਪਤੀ ਦੇ ਲਈ ਉਪਯੁਕਤ ਨਹੀਂ ਹੈ। ਨਾਲ ਹੀ ਸ਼ਿਕਾਇਤਕਰਤਾ ਦੀ ਮੈਡੀਕਲ ਡਿਗਰੀ ਦੀ ਮਿਆਦ ਤੇ ਸਵਾਲ ਚੁੱਕਿਆ ਗਿਆ, ਜਿਸਦੇ ਬਾਅਦ ਸੱਸ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੇ ਲਈ ਮਜਬੂਰ ਹੋਣਾ ਪਿਆ। ਪਟੀਸ਼ਨਕਰਤਾ ਨੇ ਇਹ ਵੀ ਤਰਕ ਦਿੱਤਾ ਕਿ ਅਜਿਹਾ ਕਾਰਜ ਘਰੇਲੂ ਹਿੰਸਾ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ ਹੈ।

Only This Weekend

# BRAMPTON CASH & CARRY

Importer | Wholesaler | Retailer

100 KENNEDY RD S
BRAMPTON, ON
L6W 3E7

## GURPURAB SPECIAL

FROM 15TH NOV,2024 TO 17TH NOV,2024

IN STORE ONLY




Milk 3.2%
4L

$6.49


+905-230-4800

ਸਮੂਹ ਇਲਾਕਾ ਨਿਵਾਸੀਆਂ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਮਨੁੱਖਤਾ ਦੀ ਸੇਵਾ ਲਈ

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ

**ਸ਼ੰਕਰਾ ਆਈ ਹਸਪਤਾਲ (ਲੁਧਿਆਣਾ) ਦੇ ਸਹਿਯੋਗ ਨਾਲ**

# ਅੱਖਾਂ ਦਾ ਮੁਫ਼ਤ ਚੈੱਕਅਪ ਆਪ੍ਰੇਸ਼ਨ ਕੈਂਪ




ਮਿਤੀ 21 ਨਵੰਬਰ 2024 (ਸਮਾਂ ਸਵੇਰੇ 9 ਤੋਂ 1 ਵਜੇ ਤੱਕ)
ਸਥਾਨ:-ਗੁਰਦੁਆਰਾ ਬੁੰਗਾ ਸਾਹਿਬ, ਕੋਟਸ਼ਮੀਰ,
ਬਲਾਕ ਗੋਨੇਆਣਾ, (ਬਠਿੰਡਾ) ਦੇ ਸਹਿਯੋਗ ਨਾਲ



ਚਿੱਟੇ ਮੋਤੀਏ ਦੇ ਮਰੀਜ਼ਾ ਦਾ ਅਪ੍ਰੇਸ਼ਨ ਫਰੀ ਕੀਤਾ ਜਾਵੇਗਾ।

ਕੈਂਪ ਦੌਰਾਨ ਦਵਾਈਆਂ ਅਤੇ ਐਨਕਾਂ ਮੁਫ਼ਤ ਵੰਡੀਆਂ ਜਾਣਗੀਆਂ

## ਨੋਟ :-

1. ਮਰੀਜ਼ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਜ਼ਰੂਰ ਨਾਲ ਲੈ ਕੇ ਆਉਣ।
2. ਆਪਣੇ ਨਾਲ 2 ਮੋਬਾਇਲ ਨੰਬਰ ਲਿਖ ਕੇ ਲਿਆਉਣਾ।
3. ਜਿਹੜੇ ਮਰੀਜ਼ ਕਿਸੇ ਬਿਮਾਰੀ ਦੀ ਦਵਾਈ ਖਾਂਦੇ ਹਨ, ਉਹ ਆਪਣੀ ਦਵਾਈ ਨਾਲ ਲੈ ਕੇ ਆਉਣ ਜੀ ।

**94172-87122**   **98729-13053**

ROYAL SHIELD GROUP


# SUPER VISA INSURANCE

EMERGENCY MEDICAL INSURANCE FOR

- STUDENTS
- WORK PERMIT HOLDERS
- VISITORS

**TEHAL SINGH BRAR**
INSURANCE ADVISOR
905-782-2013

SAHAS BRAR
416-660-6151








## CHILD PLAN

Do you want to give a Life Time Gift to your Child? Call Now to set up this plan!

- A MAGICAL POLICY
- 20 Years To Pay!


BRAMPTON CASH AND CARRY
WHOLESALER
IMPORTER
DISTRIBUTOR
RETAILER
Wholesaler, Importer,
Distributor & Retailer
of Restaurants Supply
STAR SALT
Surf excel
LUX
fortune
Vim
kissan
Basundi Masala Mix
BRAMPTON
CASH & CARRY
Brampton CashandCarry2023@gmail.com
905-230-4800
100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
आटा
Aapki PASAND
AAPKA SWAAD
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA